# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ
## (ਰਜਿਸਟਰਾਰ ਦਫ਼ਤਰ)

ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/402 ਮਿਤੀ: 12.05.2026

## ਦਫ਼ਤਰੀ ਹੁਕਮ

**ਵਿਸ਼ਾ: ਮਾਤਾ ਭੱਦਰਕਾਲੀ ਜੀ ਦੇ ਮੇਲੇ ਦੇ ਸੰਬੰਧ ਵਿੱਚ ਮਿਤੀ 13.05.2026 (ਬੁੱਧਵਾਰ) ਨੂੰ ਆਈ.ਕੇ.ਜੀ.ਪੀ.ਟੀ.ਯੂ. ਕਪੂਰਥਲਾ ਕੈਂਪਸ ਵਿਖੇ ਛੁੱਟੀ ਘੋਸ਼ਿਤ ਕਰਨ ਸਬੰਧੀ।**

ਮਾਤਾ ਭੱਦਰਕਾਲੀ ਜੀ ਦਾ ਮੇਲਾ ਮਿਤੀ 13.05.2026 ਨੂੰ ਪਿੰਡ ਸ਼ੇਖੂਪੁਰ ਸਬ ਡਵੀਜਨ ਕਪੂਰਥਲਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਸੰਬੰਧੀ ਡਿਪਟੀ ਕਮਿਸ਼ਨਰ, ਕਪੂਰਥਲਾ ਵੱਲੋਂ ਜਾਰੀ ਕੀਤੇ ਗਏ ਹੁਕਮ ਪਿੱਠਅੰਕਣ ਨੰ. 742/ਐਮ.ਏ. ਮਿਤੀ 12.05.2026 ਰਾਹੀਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਸਬ ਡਵੀਜ਼ਨ, ਕਪੂਰਥਲਾ ਵਿਖੇ ਪੈਂਦੇ ਸਰਕਾਰੀ ਅਦਾਰਿਆਂ/ਨਿਗਮ ਬੋਰਡਾਂ/ਵਿੱਦਿਅਕ ਅਦਾਰਿਆਂ ਅਤੇ ਹੋਰ ਸਰਕਾਰੀ ਸੰਸਥਾਵਾਂ ਵਿਚ ਮਿਤੀ 13.05.2026 ਦਿਨ (ਬੁੱਧਵਾਰ) ਨੂੰ ਇਕ ਦਿਨ ਦੀ ਲੋਕਲ ਛੁੱਟੀ ਘੋਸ਼ਿਤ ਕੀਤੀ ਗਈ ਹੈ।

ਮਾਣਯੋਗ ਡਿਪਟੀ ਕਮਿਸ਼ਨਰ, ਕਪੂਰਥਲਾ ਜੀ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਈ.ਕੇ.ਜੀ.ਪੀ.ਟੀ.ਯੂ. ਕਪੂਰਥਲਾ ਕੈਂਪਸ ਵਿੱਚ ਮਿਤੀ 13.05.2026 (ਬੁੱਧਵਾਰ) ਨੂੰ ਇਕ ਦਿਨ ਦੀ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ।

ਯੂਨੀਵਰਸਿਟੀ ਦੇ ਪਹਿਲਾਂ ਤੋਂ ਨਿਰਧਾਰਤ ਅਤਿ-ਜ਼ਰੂਰੀ ਸੇਵਾਵਾਂ ਨਾਲ ਸੰਬੰਧਤ ਸਟਾਫ਼ ਡਿਊਟੀ 'ਤੇ ਹਾਜ਼ਰ ਰਹੇਗਾ।

ਇਹ ਦਫ਼ਤਰੀ ਹੁਕਮ ਮਾਣਯੋਗ ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ।

**(ਡਾ. ਨਵਦੀਪਕ ਸੰਧੂ)**
ਰਜਿਸਟਰਾਰ

ਪਿੱਠਅੰ:ਨੰ:ਆਈ.ਕੇ.ਜੀ.ਪੀ.ਟੀ.ਯੂ./ਰਜਿ./ਦਹ/403-408 ਮਿਤੀ: 12.05.2026

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ:

1. ਸਕੱਤਰ, ਉਪ-ਕੁਲਪਤੀ: ਮਾਣਯੋਗ ਉਪ-ਕੁਲਪਤੀ ਜੀ ਦੀ ਜਾਣਕਾਰੀ ਹਿੱਤ।
2. ਸਮੂਹ ਵਿਭਾਗ ਮੁਖੀ (ਟੀਚਿੰਗ ਅਤੇ ਨਾਨ-ਟੀਚਿੰਗ): ਆਪਣੇ ਵਿਭਾਗ ਦੇ ਸਮੂਹ ਫੈਕਲਟੀ ਮੈਂਬਰਾਂ/ਅਧਿਕਾਰੀਆਂ/ਖੋਜਾਰਥੀਆਂ ਅਤੇ ਕਰਮਚਾਰੀਆਂ ਨੂੰ ਜਾਣੂ ਕਰਵਾਉਣ ਸੰਬੰਧੀ।
3. ਡੀਨ (ਅਕਾਦਮਿਕ): ਸਮੂਹ ਡਾਇਰੈਕਟਰ, ਕਾਂਸਟੀਚਿਊਐਂਟ ਕੈਂਪਸ ਅਤੇ ਮਾਨਤਾ ਪ੍ਰਾਪਤ ਕਾਲਜ ਦੇ ਸਮੂਹ ਡਾਇਰੈਕਟਰ/ਪ੍ਰਿੰਸੀਪਲ ਨੂੰ ਜਾਣੂ ਕਰਾਉਣ ਹਿੱਤ।
4. ਡਿਪਟੀ ਰਜਿਸਟਰਾਰ (ਜਨਰਲ ਪ੍ਰਬੰਧਨ)
5. ਡਿਪਟੀ ਰਜਿਸਟਰਾਰ (ਲੋਕ ਸੰਪਰਕ)
6. ਡਿਪਟੀ ਰਜਿਸਟਰਾਰ (ਆਈ.ਟੀ.ਐਸ.): ਵੈੱਬਸਾਈਟ 'ਤੇ ਅਪ-ਲੋਡ ਕਰਵਾਉਣ ਹਿੱਤ।

**(ਡਾ. ਨਵਦੀਪਕ ਸੰਧੂ)**
ਰਜਿਸਟਰਾਰ